
# ਅੱਗ ਲੱਗਣ ਦੇ ਖ਼ਤਰੇ ਦੀ ਆਪਣੀ ਰੋਜ਼ ਦੀ ਰੇਟਿੰਗ ਜਾਣੋ

Punjabi | **ਪੰਜਾਬੀ**




## ਅੱਗ ਲੱਗਣ ਦੇ ਖ਼ਤਰੇ ਦੀ ਰੇਟਿੰਗ ਤੋਂ ਸੁਚੇਤ ਰਹੋ ਅਤੇ ਜਾਣੋ ਕਿ ਕੀ ਕਰਨਾ ਹੈ।

ਅੱਗ ਲੱਗਣ ਦੇ ਖ਼ਤਰੇ ਦੀਆਂ ਰੇਟਿੰਗਾਂ ਤੁਹਾਨੂੰ ਦੱਸਦੀਆਂ ਹਨ ਕਿ ਜੇਕਰ ਅੱਗ ਲੱਗ ਜਾਂਦੀ ਹੈ ਤਾਂ ਇਹ ਕਿੰਨੀ ਖ਼ਤਰਨਾਕ ਹੋ ਸਕਦੀ ਹੈ। ਇਹ ਰੇਟਿੰਗ ਜਿੰਨੀ ਉੱਚੀ ਹੋਵੇਗੀ, ਹਾਲਾਤ ਓਨੇ ਹੀ ਖ਼ਤਰਨਾਕ ਹੋਣਗੇ। ਅੱਗ ਲੱਗਣ ਦੀ ਰੁੱਤ ਦੌਰਾਨ ਮੌਸਮ ਦੀ ਭਵਿੱਖਬਾਣੀ ਵਿੱਚ ਅੱਗ ਲੱਗਣ ਦੇ ਖ਼ਤਰੇ ਦੀਆਂ ਰੇਟਿੰਗਾਂ ਖ਼ਾਸ ਤੌਰ 'ਤੇ ਦਿਖਾਈਆਂ ਜਾਂਦੀਆਂ ਹਨ।

ਹਰ ਰੋਜ਼ ਤੁਹਾਨੂੰ ਚਾਹੀਦਾ ਹੈ:

» ਚੇਤਾਵਨੀਆਂ ਲਈ ਹਾਲਾਤਾਂ ਅਤੇ ਅਧਿਕਾਰਤ ਸਰੋਤਾਂ 'ਤੇ ਨਜ਼ਰ ਰੱਖੋ।

» ਜੇਕਰ ਤੁਹਾਡੇ ਨੇੜੇ ਅੱਗ ਲੱਗ ਜਾਂਦੀ ਹੈ, ਤਾਂ ਆਪਣੀ ਜਾਨ ਬਚਾਉਣ ਲਈ ਤੁਰੰਤ ਕਾਰਵਾਈ ਕਰੋ।

» ਚੇਤਾਵਨੀ ਮਿਲਣ ਦੀ ਉਡੀਕ ਨਾ ਕਰੋ।

» ਅੱਗ ਸੰਬੰਧੀ ਗਤੀਵਿਧੀ ਨੂੰ ਨਿਯੰਤਰਿਤ ਕਰਨ ਵਾਲੇ ਸਥਾਨਕ ਨਿਯਮਾਂ ਦੀ ਪਾਲਣਾ ਕਰੋ।

» ਯਕੀਨੀ ਬਣਾਓ ਕਿ ਕੋਈ ਵੀ ਉਦਯੋਗਿਕ ਅਤੇ ਖੇਤੀਬਾੜੀ ਗਤੀਵਿਧੀਆਂ ਸੰਬੰਧਿਤ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਦੀਆਂ ਹਨ।

ਆਪਣੇ ਜ਼ਿਲ੍ਹੇ ਦੀ ਰੋਜ਼ ਦੀ ਅੱਗ ਲੱਗਣ ਦੇ ਖ਼ਤਰੇ ਦੀ ਰੇਟਿੰਗ ਦੀ ਜਾਂਚ ਕਰਨ ਲਈ, **cfa.vic.gov.au** 'ਤੇ ਜਾਓ, **VicEmergency ਐਪ** ਡਾਊਨਲੋਡ ਕਰੋ ਜਾਂ **1800 226 226** 'ਤੇ ਫ਼ੋਨ ਕਰੋ।

| | ਇਸਦਾ ਕੀ ਮਤਲਬ ਹੈ? | ਮੈਨੂੰ ਕੀ ਕਰਨਾ ਚਾਹੀਦਾ ਹੈ? |
|---|---|---|
| CATASTROPHIC (ਕੈਟਾਸਟ੍ਰੋਫਿਕ/ ਘਾਤਕ) | **ਜੇਕਰ ਅੱਗ ਲੱਗ ਜਾਂਦੀ ਹੈ ਅਤੇ ਪਕੜ ਬਣਾ ਲੈਂਦੀ ਹੈ, ਤਾਂ ਜਾਨਾਂ ਜਾਣ ਦੀ ਸੰਭਾਵਨਾ ਹੈ।**<br>» ਇਹ ਅੱਗ ਲੱਗਣ ਲਈ ਸਭ ਤੋਂ ਖ਼ਤਰਨਾਕ ਹਾਲਾਤ ਹਨ। | **ਆਪਣੇ ਬਚਾਅ ਲਈ, ਬੁਸ਼ਫਾਇਰ ਦੇ ਜ਼ੋਖਮ ਵਾਲੇ ਖੇਤਰਾਂ ਨੂੰ ਛੱਡ ਕੇ ਚਲੇ ਜਾਓ।**<br>» ਤੁਹਾਡੀ ਜ਼ਿੰਦਗੀ ਤੁਹਾਡੇ ਦੁਆਰਾ ਅੱਗ ਲੱਗਣ ਤੋਂ ਪਹਿਲਾਂ ਹੀ ਲਏ ਗਏ ਫ਼ੈਸਲਿਆਂ 'ਤੇ ਨਿਰਭਰ ਹੋ ਸਕਦੀ ਹੈ।<br>» ਆਪਣੇ ਬਚਾਅ ਲਈ, ਬੁਸ਼ਫਾਇਰ ਦੇ ਜ਼ੋਖਮ ਵਾਲੇ ਖੇਤਰਾਂ ਵਿੱਚ ਨਾ ਰਹੋ।<br>» ਸਵੇਰੇ ਜਲਦੀ ਜਾਂ ਇੱਕ ਰਾਤ ਪਹਿਲਾਂ ਕਿਸੇ ਸੁਰੱਖਿਅਤ ਸਥਾਨ 'ਤੇ ਜਾ ਕੇ ਸੁਰੱਖਿਅਤ ਰਹੋ।<br>» ਇਹਨਾਂ ਹਾਲਤਾਂ ਵਿੱਚ ਘਰ ਅੱਗ ਦਾ ਸਾਮ੍ਹਣਾ ਨਹੀਂ ਕਰ ਸਕਦੇ ਹਨ। ਹੋ ਸਕਦਾ ਹੈ ਕਿ ਤੁਸੀਂ ਘਰ ਛੱਡਣ ਦੇ ਯੋਗ ਨਾ ਹੋਵੋ ਅਤੇ ਮੱਦਦ ਵੀ ਉਪਲਬਧ ਨਾ ਹੋਵੇ। |
| EXTREME (ਐਕਸਟ੍ਰੀਮ/ ਬਹੁਤ ਜ਼ਿਆਦਾ) | **ਅੱਗ ਤੇਜ਼ੀ ਨਾਲ ਫ਼ੈਲੇਗੀ ਅਤੇ ਬਹੁਤ ਖ਼ਤਰਨਾਕ ਹੋਵੇਗੀ।**<br>» ਇਹ ਅੱਗ ਲਈ ਖ਼ਤਰਨਾਕ ਹਾਲਾਤ ਹਨ।<br>» ਗਰਮ, ਖੁਸ਼ਕ ਅਤੇ ਹਨੇਰੀ ਚੱਲਣ ਵਾਲੇ ਹਾਲਾਤਾਂ ਦੀ ਉਮੀਦ ਕਰੋ। | **ਆਪਣੀ ਜਾਨ ਅਤੇ ਮਾਲ ਦੀ ਸੁਰੱਖਿਆ ਲਈ ਹੁਣੇ ਕਾਰਵਾਈ ਕਰੋ**<br>» ਆਪਣੀ ਬੁਸ਼ਫਾਇਰ ਯੋਜਨਾ ਦੀ ਜਾਂਚ ਕਰੋ ਅਤੇ ਇਹ ਕਿ ਤੁਹਾਡੀ ਜਾਇਦਾਦ ਅੱਗ ਲੱਗਣ ਦੀ ਸਥਿਤੀ ਲਈ ਤਿਆਰ ਹੈ<br>» ਜੇਕਰ ਅੱਗ ਲੱਗ ਜਾਂਦੀ ਹੈ, ਤਾਂ ਤੁਰੰਤ ਕਾਰਵਾਈ ਕਰੋ। ਜੇਕਰ ਤੁਸੀਂ ਅਤੇ ਤੁਹਾਡੀ ਜਾਇਦਾਦ ਅੱਗ ਦੇ ਉੱਚੇ ਪੱਧਰਾਂ ਲਈ ਤਿਆਰ ਨਹੀਂ ਹੈ, ਤਾਂ ਅੱਗ ਲੱਗਣ ਤੋਂ ਪਹਿਲਾਂ ਕਿਸੇ ਸੁਰੱਖਿਅਤ ਸਥਾਨ 'ਤੇ ਚਲੇ ਜਾਓ।<br>» ਬੁਸ਼ਫਾਇਰ ਲੱਗਣ ਦੇ ਜ਼ੋਖਮ ਵਾਲੇ ਖੇਤਰਾਂ ਵਿੱਚ ਯਾਤਰਾ ਕਰਨ ਬਾਰੇ ਮੁੜ ਵਿਚਾਰ ਕਰੋ।<br>» ਬੁਸ਼ਫਾਇਰ ਦੇ ਜ਼ੋਖਮ ਵਾਲੇ ਖੇਤਰਾਂ ਨੂੰ ਉਸ ਦਿਨ ਜਲਦੀ ਸਵੇਰੇ ਛੱਡ ਕੇ ਚਲੇ ਜਾਣਾ ਤੁਹਾਡੇ ਲਈ ਸਭ ਤੋਂ ਸੁਰੱਖਿਅਤ ਵਿਕਲਪ ਹੈ। |
| HIGH (ਹਾਈ/ਉੱਚਾ) | **ਅੱਗ ਖ਼ਤਰਨਾਕ ਹੋ ਸਕਦੀ ਹੈ।** | **ਕਾਰਵਾਈ ਕਰਨ ਲਈ ਤਿਆਰ ਰਹੋ।**<br>» ਇੱਥੇ ਵਧਿਆ ਹੋਇਆ ਜ਼ੋਖਮ ਹੈ। ਆਪਣੇ ਇਲਾਕੇ ਵਿੱਚ ਅੱਗ ਲੱਗਣ ਪ੍ਰਤੀ ਸੁਚੇਤ ਰਹੋ।<br>» ਫ਼ੈਸਲਾ ਕਰੋ ਕਿ ਜੇਕਰ ਅੱਗ ਲੱਗ ਜਾਂਦੀ ਹੈ ਤਾਂ ਤੁਸੀਂ ਕੀ ਕਰੋਗੇ।<br>» ਜੇਕਰ ਅੱਗ ਲੱਗ ਜਾਂਦੀ ਹੈ, ਤਾਂ ਤੁਹਾਡੀ ਜਾਨ ਅਤੇ ਜਾਇਦਾਦ ਨੂੰ ਖ਼ਤਰਾ ਹੋ ਸਕਦਾ ਹੈ। ਇਸ ਲਈ ਸਭ ਤੋਂ ਸੁਰੱਖਿਅਤ ਢੰਗ ਬੁਸ਼ਫਾਇਰ ਦੇ ਜ਼ੋਖਮ ਵਾਲੇ ਖੇਤਰਾਂ ਤੋਂ ਬਚਣਾ ਹੈ। |
| MODERATE (ਮੌਡਰੇਟ/ ਦਰਮਿਆਨਾ) | **ਜ਼ਿਆਦਾਤਰ ਅੱਗਾਂ 'ਤੇ ਕਾਬੂ ਪਾਇਆ ਜਾ ਸਕਦਾ ਹੈ।** | **ਯੋਜਨਾ ਬਣਾਓ ਅਤੇ ਤਿਆਰੀ ਕਰੋ।**<br>» ਸੂਚਿਤ ਰਹੋ ਅਤੇ ਅੱਗ ਲੱਗਣ 'ਤੇ ਕਾਰਵਾਈ ਕਰਨ ਲਈ ਤਿਆਰ ਰਹੋ। |

**cfa.vic.gov.au, emergency.vic.gov.au** 'ਤੇ ਜਾ ਕੇ ਚੇਤਾਵਨੀਆਂ ਲਈ ਹਾਲਾਤਾਂ ਅਤੇ ਅਧਿਕਾਰਤ ਸਰੋਤਾਂ 'ਤੇ ਨਜ਼ਰ ਰੱਖੋ ਜਾਂ **1800 226 226** 'ਤੇ VicEmergency Hotline ਨੂੰ ਫ਼ੋਨ ਕਰੋ।

# ਆਪਣੇ ਅੱਗ 'ਤੇ ਪੂਰਨ ਪਾਬੰਦੀ ਵਾਲੇ ਜ਼ਿਲ੍ਹੇ ਨੂੰ ਜਾਣੋ

CFA

**ਮੈਲਈ (MALLEE) ਜ਼ਿਲ੍ਹਾ**

ਬੂਲੋਕ ਸ਼ਾਇਰ (Buloke Shire)
ਗੈਨਾਵਾਰਾ ਸ਼ਾਇਰ (Gannawarra Shire)
ਮਿਲਡੂਰਾ ਦਿਹਾਤੀ ਸ਼ਹਿਰ (Mildura Rural City)
ਸਵੈਨ ਹਿੱਲ ਦਿਹਾਤੀ ਸ਼ਹਿਰ (Swan Hill Rural City)
ਯਾਰੀਅਮਬੀਆਕ ਸ਼ਾਇਰ (Yarriambiack Shire) (ਜਾਲੀ ਦੀ ਵਾੜ ਦੇ ਉੱਤਰ ਵੱਲ)

**ਵਿਮੇਰਾ ਜ਼ਿਲ੍ਹਾ (WIMMERA DISTRICT)**

ਹਿੰਦਮਾਰਸ਼ ਸ਼ਾਇਰ (Hindmarsh Shire)
ਹਰਸ਼ਮ ਦਿਹਾਤੀ ਸ਼ਹਿਰ (Horsham Rural City)
ਨੋਰਥਰਨ ਗ੍ਰੈਮਪੀਅਨ ਸ਼ਾਇਰ (Northern Grampians Shire)
ਵੈਸਟ ਵਿਮੇਰਾ ਸ਼ਾਇਰ (West Wimmera Shire)
ਯਾਰੀਅਮਬੀਆਕ ਸ਼ਾਇਰ (Yarriambiack Shire) (ਜਾਲੀ ਦੀ ਵਾੜ ਦੇ ਦੱਖਣ ਵੱਲ)

**ਸਾਊਥ ਵੈਸਟ ਜ਼ਿਲ੍ਹਾ (SOUTH WEST DISTRICT)**

ਅਰਾਰਾਟ ਦਿਹਾਤੀ ਸ਼ਹਿਰ (Ararat Rural City)
ਕੋਲੈਕ ਓਟਵੇਅ ਸ਼ਾਇਰ (Colac Otway Shire)
ਕੋਰੰਗਮਾਈਟ ਸ਼ਾਇਰ (Corangamite Shire)
ਗਲੇਨੇਲਗ ਸ਼ਾਇਰ (Glenelg Shire)
ਮੋਏਨ ਸ਼ਾਇਰ (Moyne Shire)
ਪਿਰੀਨੀਜ਼ ਸ਼ਾਇਰ (Pyrenees Shire)
ਸਾਊਥ ਗ੍ਰੈਮਪੀਅਨ ਸ਼ਾਇਰ ਵਾਰਨਮਬੂਲ ਸਿਟੀ (Southern Grampians Shire Warrnambool City)

**ਨੋਰਥਰਨ ਕੰਟਰੀ ਜ਼ਿਲ੍ਹਾ (NORTHERN COUNTRY DISTRICT)**

ਕੈਂਪਾਸਪੀ ਸ਼ਾਇਰ (Campaspe Shire)
ਗ੍ਰੇਟਰ ਬੈਂਡੀਗੋ ਸਿਟੀ (Greater Bendigo City)
ਗ੍ਰੇਟਰ ਸ਼ੈਪਰਟਨ ਸਿਟੀ ਲੋਡਨ ਸ਼ਾਇਰ (Greater Shepparton City Loddon Shire)
ਮੋਇਰਾ ਸ਼ਾਇਰ (Moira Shire)
ਸਟ੍ਰੈਥਬੋਗੀ ਸ਼ਾਇਰ (Strathbogie Shire)

**ਨੋਰਥ ਸੈਂਟਰਲ ਜ਼ਿਲ੍ਹਾ (NORTH CENTRAL DISTRICT)**

ਸੈਂਟਰਲ ਗੋਲਡਫੀਲਡਜ਼ ਸ਼ਾਇਰ (Central Goldfields Shire)
ਲੇਕ ਮਾਊਂਟੇਨ ਐਲਪਾਈਨ ਰਿਜ਼ੋਰਟ (Lake Mountain Alpine Resort)
ਮਿੱਚਲ ਸ਼ਾਇਰ (Mitchell Shire)
ਮਾਊਂਟ ਅਲੈਗਜ਼ੈਂਡਰ ਸ਼ਾਇਰ (Mount Alexander Shire)
ਮੁਰਿਨਡਿੰਡੀ ਸ਼ਾਇਰ (Murrindindi Shire)

**ਨੋਰਥ ਈਸਟ ਜ਼ਿਲ੍ਹਾ (NORTH EAST DISTRICT)**

ਅਲਪਾਈਨ ਸ਼ਾਇਰ (Alpine Shire)
ਬੇਨਾਲਾ ਦਿਹਾਤੀ ਸ਼ਹਿਰ (Benalla Rural City)
ਫਾਲਜ਼ ਕ੍ਰੀਕ ਅਲਪਾਈਨ ਰਿਜ਼ੋਰਟ (Falls Creek Alpine Resort)
ਇੰਡੀਗੋ ਸ਼ਾਇਰ (Indigo Shire)
ਮੈਨਜ਼ਫੀਲਡ ਸ਼ਾਇਰ (Mansfield Shire)
ਮਾਊਂਟ ਬੂਲਰ ਅਲਪਾਈਨ ਰਿਜ਼ੋਰਟ (Mount Buller Alpine Resort)
ਮਾਊਂਟ ਹੋਥਮ ਅਲਪਾਈਨ ਰਿਜ਼ੋਰਟ (Mount Hotham Alpine Resort)
ਮਾਊਂਟ ਸਟਰਲਿੰਗ ਅਲਪਾਈਨ ਰਿਜ਼ੋਰਟ (Mount Stirling Alpine Resort)
ਟੋਵੋਂਗ ਸ਼ਾਇਰ (Towong Shire)
ਵੈਂਗਾਰਾਟਾ ਦਿਹਾਤੀ ਸ਼ਹਿਰ ਵੋਡੋਂਗਾ ਸਿਟੀ (Wangarrata Rural City Wodonga City)

**ਵੈਸਟ ਅਤੇ ਸਾਊਥ ਗਿਪਸਲੈਂਡ ਜ਼ਿਲ੍ਹਾ (WEST & SOUTH GIPPSLAND DISTRICT)**


ਬਾਅ ਬਾਅ ਸ਼ਾਇਰ (Baw Baw Shire)
ਲਾਟਰੋਬ ਸਿਟੀ (Latrobe City)
ਮਾਊਂਟ ਬਾਅ ਬਾਅ ਅਲਪਾਈਨ ਰਿਜ਼ੋਰਟ (Mount Baw Baw Alpine Resort)
ਸਾਊਥ ਗਿਪਸਲੈਂਡ ਸ਼ਾਇਰ ਵੈਲਿੰਗਟਨ ਸ਼ਾਇਰ (South Gippsland Shire Wellington Shire)

**ਈਸਟ ਗਿਪਸਲੈਂਡ ਜ਼ਿਲ੍ਹਾ (EAST GIPPSLAND DISTRICT)**

ਈਸਟ ਗਿਪਸਲੈਂਡ ਸ਼ਾਇਰ (East Gippsland Shire)

**ਸੈਂਟਰਲ ਜ਼ਿਲ੍ਹਾ (CENTRAL DISTRICT)**

ਬੈਲਾਰਟ ਸ਼ਹਿਰ (Ballarat City)
ਬੈਨਯੂਲ ਸ਼ਹਿਰ (Banyule City)
ਬਾਸ ਕੋਸਟ ਸ਼ਾਇਰ (Bass Coast Shire)
ਬੇਅਸਾਈਡ ਸ਼ਹਿਰ (Bayside City)
ਬੋਰੂਨਡਾਰਾ ਸ਼ਹਿਰ (Boroondara City)
ਬ੍ਰਿਮਬੈਂਕ ਸ਼ਹਿਰ (Brimbank City)
ਕਾਰਡੀਨਿਆ ਸ਼ਾਇਰ (Cardinia Shire)
ਕੇਸੀ ਸ਼ਹਿਰ (Casey City)
ਡੇਰਾਬਿਨ ਸ਼ਹਿਰ (Darebin City)
ਫ੍ਰੈਂਕਸਟਨ ਸ਼ਹਿਰ (Frankston City)
ਫ੍ਰੈਂਚ ਟਾਪੂ (French Island)
ਗਲੇਨ ਈਰਾ ਸ਼ਹਿਰ (Glen Eira City)
ਗੋਲਡਨ ਪਲੇਨਜ਼ (Golden Plains)
ਗ੍ਰੇਟਰ ਡੈਂਡੇਨੋਂਗ ਸ਼ਹਿਰ (Greater Dandenong City)
ਗ੍ਰੇਟਰ ਜੀਲੌਂਗ ਸ਼ਹਿਰ (Greater Geelong City)
ਹੈਪਬਰਨ ਸ਼ਾਇਰ (Hepburn Shire)
ਹੌਬਸਨ ਬੇਅ ਸ਼ਹਿਰ (Hobsons Bay City)
ਹਿਊਮ ਸ਼ਹਿਰ (Hume City)
ਕਿੰਗਸਟਨ ਸ਼ਹਿਰ (Kingston City)
ਨੌਕਸ ਸ਼ਹਿਰ (Knox City)
ਮੈਸੇਡੋਨ ਰੇਂਜਜ਼ ਸ਼ਾਇਰ (Macedon Ranges Shire)
ਮੈਨਿੰਗਹੈਮ ਸ਼ਹਿਰ (Manningham City)
ਮੈਰੀਬਿਰਨੋਂਗ ਸ਼ਹਿਰ (Maribyrnong City)
ਮਰੂੰਡਾਹ ਸ਼ਹਿਰ (Maroondah City)
ਮੈਲਬੌਰਨ ਸ਼ਹਿਰ (Melbourne City)
ਮੈਲਟਨ ਸ਼ਾਇਰ (Melton Shire)
ਮੋਨਾਸ਼ ਸ਼ਹਿਰ (Monash City)
ਮੂਨੀ ਵੈਲੀ ਸ਼ਹਿਰ (Moonee Valley City)
ਮੂਰਾਬੂਲ ਸ਼ਾਇਰ (Moorabool Shire)
ਮੋਰਲੈਂਡ ਸ਼ਹਿਰ (Moreland City)
ਮੌਰਿੰਗਟਨ ਪੈਨਸੁਲਾਅ ਸ਼ਾਇਰ (Mornington Peninsula Shire)
ਨੀਲੰਬਿਕ ਸ਼ਾਇਰ (Nillumbik Shire)
ਪੋਰਟ ਫਿਲਿਪ ਸ਼ਹਿਰ (Port Phillip City)
ਕੁਈਨਜ਼ਕਲਿੱਫ ਬਰੋਅ (Queenscliffe Borough)
ਸਟੋਨਿੰਗਟਨ ਸ਼ਹਿਰ (Stonnington City)
ਸਰਫ਼ ਕੋਸਟ ਸ਼ਾਇਰ (Surf Coast Shire)
ਵ੍ਹਾਈਟਹੌਰਸ ਸ਼ਹਿਰ (Whitehorse City)
ਵਿਟਲਸੀਅ ਸ਼ਹਿਰ (Whittlesea City)
ਵਿੰਡਮ ਸ਼ਹਿਰ (Wyndham City)
ਯਾਰਾ ਸ਼ਹਿਰ (Yarra City)
ਯਾਰਾ ਰੇਂਜਜ਼ ਸ਼ਾਇਰ (Yarra Ranges Shire)




## ਅੱਗ 'ਤੇ ਪੂਰਨ ਪਾਬੰਦੀ (TOTAL FIRE BANS)

CFA ਦੁਆਰਾ ਉਨ੍ਹਾਂ ਦਿਨਾਂ 'ਤੇ ਅੱਗ 'ਤੇ ਪੂਰਨ ਪਾਬੰਦੀ (Total Fire Bans) ਦਾ ਐਲਾਨ ਕੀਤਾ ਜਾਂਦਾ ਹੈ ਜਦੋਂ ਅੱਗ ਦੇ ਤੇਜ਼ੀ ਨਾਲ ਫ਼ੈਲਣ ਦੀ ਸੰਭਾਵਨਾ ਹੁੰਦੀ ਹੈ ਅਤੇ ਕਾਬੂ ਕਰਨੀ ਮੁਸ਼ਕਲ ਹੁੰਦੀ ਹੈ।

Total Fire Ban ਵਾਲੇ ਦਿਨਾਂ ਵਿੱਚ ਅੱਗ ਲੱਗਣ ਦੀ ਸੰਭਾਵਨਾ ਨੂੰ ਘਟਾਉਣ ਲਈ ਕਾਨੂੰਨੀ ਪਾਬੰਦੀਆਂ ਲਾਗੂ ਹੁੰਦੀਆਂ ਹਨ।

ਵਿਕਟੋਰੀਆ ਨੂੰ ਨੌਂ Total Fire Ban ਜ਼ਿਲ੍ਹਿਆਂ ਵਿੱਚ ਵੰਡਿਆ ਗਿਆ ਹੈ। ਜ਼ਿਲ੍ਹੇ ਦੁਆਰਾ Total Fire Ban ਘੋਸ਼ਿਤ ਕੀਤੇ ਜਾਂਦੇ ਹਨ ਅਤੇ ਤੁਹਾਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਤੁਸੀਂ ਕਿਸ ਜ਼ਿਲ੍ਹੇ ਵਿੱਚ ਰਹਿੰਦੇ ਹੋ। ਹਰੇਕ ਜ਼ਿਲੇ ਵਿੱਚ ਆਉਂਦੀਆਂ ਨਗਰਪਾਲਿਕਾਵਾਂ ਦੀ ਸੂਚੀ ਨੂੰ ਰੰਗਦਾਰ ਡੱਬਿਆਂ ਵਿੱਚ ਦਿਖਾਇਆ ਗਿਆ ਹੈ।

Total Fire Ban ਅਤੇ ਅੱਗ ਲਗਾਉਣ 'ਤੇ ਪਾਬੰਦੀਆਂ ਬਾਰੇ ਵਧੇਰੇ ਜਾਣਕਾਰੀ ਲਈ ਕਿਰਪਾ ਕਰਕੇ VicEmergency Hotline ਨੂੰ **1800 226 226** 'ਤੇ ਫ਼ੋਨ ਕਰੋ ਜਾਂ ਨੈਸ਼ਨਲ ਰੀਲੇਅ ਸਰਵਿਸ ਰਾਹੀਂ **1800 555 677** 'ਤੇ ਫ਼ੋਨ ਕਰੋ ਜਾਂ **cfa.vic.gov.au** 'ਤੇ ਜਾਓ।

**ਵਧੇਰੇ ਜਾਣਕਾਰੀ ਲਈ ਕਿਰਪਾ ਕਰਕੇ CFA ਦੀ ਵੈੱਬਸਾਈਟ cfa.vic.gov.au 'ਤੇ ਜਾਓ ਜਾਂ 1800 226 226 'ਤੇ VicEmergency Hotline ਜਾਂ 1800 555 677 'ਤੇ ਨੈਸ਼ਨਲ ਰੀਲੇਅ ਸਰਵਿਸ ਰਾਹੀਂ ਫ਼ੋਨ ਕਰੋ।**

ਜੁਲਾਈ 2022